ਵਿਧਾਨ ਪਰੀਸ਼ਦ



# ਨਿਊ ਸਾਊਥ ਵੇਲਜ਼ ਵਿਖੇ ਬਚਪਨ ਦੀ ਮੁੱਢਲੀ ਸਿੱਖਿਆ ਅਤੇ ਦੇਖਭਾਲ ਦੇ ਖੇਤਰ ਦੀ ਪੜਤਾਲ

## ਹਵਾਲੇ ਦੀਆਂ ਸ਼ਰਤਾਂ

1. ਇਹ ਕਿ ਪੋਰਟਫੋਲੀਓ ਕਮੇਟੀ 3 - ਸਿੱਖਿਆ, ਨਿਊ ਸਾਊਥ ਵੇਲਜ਼ ਵਿਖੇ ਮੁੱਢਲੀ ਸਿੱਖਿਆ ਅਤੇ ਦੇਖਭਾਲ (early childhood education and care/ECEC) ਖੇਤਰ ਦੀ ਜਾਂਚ ਕਰੇ ਅਤੇ ਇੱਕ ਰਿਪੋਰਟ ਤਿਆਰ ਕਰੇ, ਜਿਸ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੋਣ:

    a) ECEC ਸੇਵਾਵਾਂ ਵਿੱਚ ਬੱਚਿਆਂ ਦੀ ਸੁਰੱਖਿਆ, ਸਿਹਤ ਅਤੇ ਖੁਸ਼ਹਾਲੀ

    b) ECEC ਸੇਵਾਵਾਂ ਦੀ ਗੁਣਵੱਤਾ ਅਤੇ ECEC ਸੇਵਾਵਾਂ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਦੇ ਵਿਦਿਅਕ ਅਤੇ ਵਿਕਾਸ ਸੰਬੰਧੀ ਨਤੀਜੇ

    c) ECEC ਸੈਕਟਰ ਅੰਦਰ ਕੰਮ ਕਰਨ ਵਾਲਿਆਂ ਦੀ ਸੁਰੱਖਿਆ, ਤਨਖਾਹ ਅਤੇ ਕੰਮਕਾਜੀ ਹਲਾਤ

    d) ਨਿਊ ਸਾਊਥ ਵੇਲਜ਼ ਵਿੱਚ ਲਾਗੂ ਕੀਤੇ ਗਏ ECEC ਖੇਤਰ ਦੇ ਰੈਗੂਲੇਟਰੀ (ਕਾਨੂੰਨੀ) ਢਾਂਚੇ ਦੀ ਪ੍ਰਭਾਵਸ਼ੀਲਤਾ

    e) NSW ECEC ਰੈਗੂਲੇਟਰੀ ਅਥਾਰਟੀ ਦੀ ਪ੍ਰਭਾਵਸ਼ੀਲਤਾ

    f) ECEC ਸੇਵਾਵਾਂ ਸੰਬੰਧੀ ਭਰੋਸੇਯੋਗ ਆਂਕੜਿਆਂ ਦਾ ਇਕੱਠਾ ਕਰਨ, ਉਸਦੇ ਮੁਲਾਂਕਣ ਅਤੇ ਪ੍ਰਕਾਸ਼ਨ ਦੀ ਜਾਂਚ ਅਤੇ ਇਸ ਬਾਰੇ ਜਾਂਚ ਕਿ ਹਰੇਕ ECEC ਸੇਵਾ ਸੰਬੰਧੀ ਜਨਤਕ ਜਾਣਕਾਰੀ ਕਿਸ ਪੱਧਰ ਤੱਕ ਮੁਹਈਆ ਹੈ ਅਤੇ ਕਿਸ ਪੱਧਰ ਤਕ ਪਹੁੰਚ ਉਪਲਬਧ ਹੈ।

    g) ਬਚਪਨ ਦੀ ਮੁੱਢਲੀ ਸਿੱਖਿਆ ਵਾਸਤੇ ਗੁਣਵੱਤਾ ਵਾਲੀਆਂ ਸਿਖਲਾਈ ਸੰਸਥਾਵਾਂ ਦੀ ਉਪਲਬਧਤਾ ਅਤੇ ਇਹ ਸੇਵਾਵਾਂ ਕਿੰਨੀਆਂ ਕੁ ਕਿਫ਼ਾਇਤੀ ਹਨ

    h) ECEC ਸੈਕਟਰ ਦੀ ਬਣਤਰ ਕਿਵੇਂ ਦੀ ਹੈ ਅਤੇ ਸੇਵਾਵਾਂ ਦੀ ਕਿਸਮ ਅਤੇ ਗੁਣਵੱਤਾ 'ਤੇ ਸਰਕਾਰੀ ਫੰਡਿੰਗ ਦਾ ਕੀ ਪ੍ਰਭਾਵ ਹੁੰਦਾ ਹੈ।

    i) ECEC ਸੇਵਾਵਾਂ ਵਿੱਚ ਅਪਾਹਜ ਬੱਚਿਆਂ, ਅਤੇ ਉਨ੍ਹਾਂ ਦੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਹੋਣ ਵਾਲੇ ਅਨੁਭਵ, ਅਤੇ

    j) ਕੋਈ ਵੀ ਹੋਰ ਸਬੰਧਤ ਮਾਮਲੇ।

2. ਇਹ ਕਿ ਕਮੇਟੀ 31 ਮਾਰਚ 2026 ਤੱਕ ਇਸ ਦੀ ਰਿਪੋਰਟ ਤਿਆਰ ਕਰੇ।

ਜਾਂਚ ਵਾਸਤੇ ਹਵਾਲੇ ਦੀਆਂ ਸ਼ਰਤਾਂ, ਕਮੇਟੀ ਦੁਆਰਾ 20 ਮਾਰਚ 2025 ਨੂੰ ਸਵੈ-ਰੈਫ਼ਰ ਕੀਤੀਆਂ ਗਈਆਂ ਸਨ।[1]

## ਕਮੇਟੀ ਮੈਂਬਰਸ਼ਿਪ

| | | |
|---|---|---|
| **Ms Abigail Boyd MLC** | ਗ੍ਰੀਨਜ਼ \| Greens | *ਸਭਾਪਤੀ \| Chair* |
| **ਮਾਨਯੋਗ Rachel Merton MLC** | ਲਿਬਰਲ ਪਾਰਟੀ \| Liberal Party | *ਡਿਪਟੀ ਸਭਾਪਤੀ \| Deputy Chair* |
| **ਮਾਨਯੋਗ Anthony D'Adam MLC** | ਆਸਟ੍ਰੇਲੀਆਈ ਲੇਬਰ ਪਾਰਟੀ \| Australian Labor Party | |
| **ਮਾਣਯੋਗ Tania Mihailuk MLC** | ਸੁਤੰਤਰ \| Independent | |
| **ਮਾਣਯੋਗ Sarah Mitchell MLC** | ਦ ਨੈਸ਼ਨਲਜ਼ \| The Nationals | |
| **ਮਾਨਯੋਗ Cameron Murphy MLC*** | ਆਸਟ੍ਰੇਲੀਆਈ ਲੇਬਰ ਪਾਰਟੀ \| Australian Labor Party | |
| **ਮਾਨਯੋਗ Emily Suvaal MLC** | ਆਸਟ੍ਰੇਲੀਆਈ ਲੇਬਰ ਪਾਰਟੀ \| Australian Labor Party | |

* ਜਾਂਚ ਦੀ ਮਿਆਦ ਲਈ 25 ਮਾਰਚ 2025 ਤੋਂ ਮਾਨਯੋਗ Cameron Murphy MLC ਨੇ ਮਾਨਯੋਗ Mark Buttigieg MLC ਦਾ ਸਥਾਨ ਲਿਆ।

[1] *ਬੈਠਕ ਦੇ ਮਿਨਟ*, NSW ਵਿਧਾਨ ਪਰੀਸ਼ਦ, 20 ਮਾਰਚ 2025, ਆਈਟਮ 28।